Adda247
GET IT ON Google Play

# Paper – II

## Punjabi

Booklet Code **A**

TEST BOOKLET NO.

Subject Code : 3 4

Roll No. :

(Figures as per admission card)

Roll No. (in words) : ______________________________

OMR Sheet No. :

**Name and Signature of Invigilator/s**

Signature : ____________________

Name : ____________________

Time : 2 Hours Maximum Marks : 200

Number of Pages in this Booklet : 16 Number of Questions in this Booklet : 100

**Instructions for the Candidates**

1. Write your roll number in the space provided on the top of this page.
2. This paper consists of hundred (100) multiple-choice type of questions.
3. At the commencement of examination, the test booklet will be given to you. In the first 5 minutes, you are requested **to open the booklet and compulsorily examine it as below** :
   (i) To have access to the Test Booklet, tear off the paper seal on the edge of the cover page. Do not accept a booklet without sticker seal or open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Test Booklet will be replaced nor any extra time will be given.**
   (iii) After the verification is over, the Test Booklet Number should be entered in the OMR Sheet and the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.

   **Example** : (A) (B) ● (D)

   where (C) is the correct response.
5. Your responses to the questions are to be indicated in the **OMR Sheet kept inside this Booklet**. If you mark at any place other than in the circles, the OMR Sheet will not be evaluated.
6. Read the instructions given in OMR Sheet carefully. Fill the Booklet Code of Paper – II in OMR Sheet **Compulsorily**.
7. Rough Work is to be done in the end of this booklet.
8. If you write your name or put any mark on any part of the OMR Answer Sheet, except for the space provided for the relevant entries, which may disclose your identity, you will render yourself liable to disqualification.
9. You have to return the OMR Answer Sheet to the invigilators at the end of the examination compulsorily and must NOT carry it with you outside the Examination Hall.
10. You can take away test booklet and carbon copy of OMR Answer Sheet after the examination.
11. **Use only Blue/Black Ball point pen.**
12. **Use of any calculator, electronic gadgets or log table, etc. is prohibited.**
13. **There is no negative mark for incorrect answer.**

# Test Prime

***ALL EXAMS, ONE SUBSCRIPTION***

**70,000+** Mock Tests

Personalised Report Card

Unlimited Re-Attempt

**600+** Exam Covered

Previous Year Papers

**500%** Refund

**ATTEMPT FREE MOCK NOW**

Adda247 GET IT ON Google Play



# PUNJABI
## Paper – II

1. ਹੇਠ ਲਿਖੀਆਂ ਵਾਰਾਂ ਨੂੰ ਕਿਹੜੀ ਧੁਨੀ 'ਤੇ ਗਾਉਣ ਦਾ ਆਦੇਸ਼ ਹੈ:

| ਸੂਚੀ – 1 | ਸੂਚੀ – 2 |
|---|---|
| a. ਸਾਰੰਗ ਦੀ ਵਾਰ | i. ਟੁੰਡੇ ਅਸਰਾਜੇ ਦੀ ਧੁਨੀ ਉੱਪਰ |
| b. ਗਉੜੀ ਦੀ ਵਾਰ | ii. ਮੂਸੇ ਦੀ ਵਾਰ ਦੀ ਧੁਨੀ ਉੱਪਰ |
| c. ਕਾਨੜੇ ਦੀ ਵਾਰ | iii. ਰਾਇ ਕਮਾਲ ਦੀ ਮਉਜ ਦੀ ਵਾਰ ਦੀ ਧੁਨੀ ਉੱਪਰ |
| d. ਆਸਾ ਦੀ ਵਾਰ | iv. ਰਾਇ ਮਹਿਮੇ ਹਸਨੇ ਦੀ ਧੁਨੀ ਉੱਪਰ |

| | a | b | c | d |
|---|---|---|---|---|
| (A) | i | ii | iii | iv |
| (B) | iv | iii | ii | i |
| (C) | ii | iv | iii | i |
| (D) | iii | i | ii | iv |

2. 'ਸੰਸਮਰਣ' ਵਿੱਚ:
(A) ਸੰਸਮਰਣ ਦਾ ਇੱਕੋ ਇੱਕ ਸੋਮਾ ਯਾਦਾਂ ਹੁੰਦੀਆਂ ਹਨ
(B) ਭਵਿੱਖ ਤੇ ਵਰਤਮਾਨ ਦੀਆਂ ਯਾਦਾਂ ਹੁੰਦੀਆਂ ਹਨ
(C) ਸਾਰੇ ਜੀਵਨ ਦਾ ਲੇਖਾ-ਜੋਖਾ ਹੁੰਦਾ ਹੈ
(D) ਅਖ਼ਬਾਰਾਂ, ਰਸਾਲਿਆਂ, ਚਿੱਠੀਆਂ, ਡਾਇਰੀਆਂ, ਦਸਤਾਵੇਜ਼ ਤੇ ਪੁਸਤਕਾਂ ਆਦਿ ਤੋਂ ਵੀ ਸਮੱਗਰੀ ਹਾਸਲ ਕੀਤੀ ਜਾਂਦੀ ਹੈ

3. ਬਲਰਾਜ ਸਾਹਨੀ ਰਚਿਤ ਵਾਰਤਕ ਪੁਸਤਕ ਕਿਹੜੀ ਹੈ?
(A) ਮੇਰਾ ਵਲਾਇਤੀ ਸਫ਼ਰਨਾਮਾ
(B) ਗ਼ੈਰ-ਜਜ਼ਬਾਤੀ ਡਾਇਰੀ
(C) ਸਾਵੀਂ-ਪੱਧਰੀ ਜ਼ਿੰਦਗੀ
(D) ਸੱਚੋ ਸੱਚ

4. ਨਿਮਨਲਿਖਤ ਵਿੱਚੋਂ ਕਿਹੜਾ ਰੂਪ ਮੱਧਕਾਲੀ ਵਾਰਤਕ ਦਾ ਰੂਪ ਨਹੀਂ ਹੈ?
(A) ਲੇਖ
(B) ਰਹਿਤਨਾਮਾ
(C) ਗੋਸ਼ਟਾਂ
(D) ਬਿਲਾਸ

5. ਹੇਠਾਂ ਲਿਖਿਆਂ ਵਿੱਚੋਂ ਕਿਹੜੀ ਰਚਨਾ ਸਫ਼ਰਨਾਮਾ ਨਹੀਂ ਹੈ?
(A) ਜਗਤ ਤਮਾਸ਼ਾ
(B) ਨਿਰਭਉ ਨਿਰਵੈਰ
(C) ਮੁਕਤੀ
(D) ਦੋਸਤੀ ਦਾ ਪੰਧ

6. ਤੁਲਨਾਤਮਕ ਸਾਹਿਤ ਵਿੱਚ ਖੋਜ ਦਾ ਆਧਾਰ ਬਣਦਾ ਹੈ :
(A) ਹਰੇਕ ਰੂਪਾਕਾਰ ਦੀ ਤੁਲਨਾ ਕਰਨੀ
(B) ਹਰੇਕ ਲੇਖਕ ਦੀ ਤੁਲਨਾ ਕਰਨੀ
(C) ਵੱਖ-ਵੱਖ ਸਾਹਿਤਾਂ ਦੇ ਅੰਤਰ ਸੰਬੰਧਾਂ ਦੀ ਪਛਾਣ ਤੇ ਵਿਆਖਿਆ ਕਰਨੀ
(D) ਵੱਖ-ਵੱਖ ਸਾਹਿਤ ਰੂਪਾਂ ਦੀ ਵਿਆਖਿਆ ਜਾਂ ਮੁਲਾਂਕਣ ਕਰਨਾ

7. 'ਨਿਗਮਨਾਤਮਕ ਖੋਜ-ਵਿਧੀ' ਕਿਸ ਦਾ ਅੰਗ ਹੈ?
(A) ਫੁਰਨਾਵਾਦੀ ਵਿਧੀ
(B) ਤਰਕਵਾਦੀ ਵਿਧੀ
(C) ਸੰਦੇਹਵਾਦੀ ਵਿਧੀ
(D) ਪਰਿਮਾਣਵਾਦੀ ਵਿਧੀ

Adda247 GET IT ON Google Play



ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ 8 ਤੋਂ 10 ਪ੍ਰਸ਼ਨਾਂ ਦੇ ਸਹੀ ਉੱਤਰ ਦੱਸੋ:

"ਪੰਜਾਬ ਦਾ ਸੱਭਿਆਚਾਰ ਇੱਕ ਮਿਸ਼ਰਿਤ ਸੱਭਿਆਚਾਰ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਆਰਿਆ ਲੋਕਾਂ ਦੇ ਆਉਣ ਤੋਂ ਲੈ ਕੇ ਅੰਗਰੇਜਾਂ ਦੁਆਰਾ ਕਬਜ਼ਾ ਜਮਾਉਣ ਤੱਕ ਯੂਨਾਨੀ, ਕੁਸ਼ਾਣ, ਹੂਨ, ਮੰਗੋਲ, ਤੁਰਕ, ਪਠਾਣ ਆਦਿ ਕਈ ਬਾਹਰਲੀਆਂ ਜਾਤਾਂ ਤੇ ਨਸਲਾਂ ਦੇ ਲੋਕ ਪੰਜਾਬ ਵਿੱਚ ਆ ਕੇ ਵੱਸਦੇ ਰਹੇ। ਜਿਨ੍ਹਾਂ ਦਾ ਪ੍ਰਭਾਵ ਸਾਡੇ ਪੰਜਾਬੀ ਸੱਭਿਆਚਾਰ ਉੱਤੇ ਪੈਂਦਾ ਰਿਹਾ। ਪੰਜਾਬੀ ਸੱਭਿਆਚਾਰ, ਇੱਕ ਵਿਸ਼ੇਸ਼ ਗੁਣ ਇਹ ਵੀ ਰੱਖਦਾ ਹੈ ਕਿ ਇਸਨੇ, ਇਤਨੇ ਹਮਲਿਆਂ ਅਤੇ ਇੰਨੇ ਲੋਕਾਂ ਦੇ ਇੱਥੇ ਆਉਣ ਦੇ ਬਾਵਜੂਦ ਵੀ ਆਪਣੀ ਮੂਲ ਗਰਿਮਾ ਬਣਾਈ ਰੱਖੀ ਹੈ। ਪੰਜਾਬੀ ਸੱਭਿਆਚਾਰ ਦੀਆਂ ਮੂਲ ਵਿਸ਼ੇਸ਼ਤਾਵਾਂ ਹਨ: ਪਿਆਰ, ਮਿਹਨਤ, ਬਹਾਦਰੀ, ਵਿਸ਼ਵਾਸ, ਖਾਣ-ਪੀਣ, ਸੰਯੁਕਤ ਪਰਿਵਾਰ, ਪਹਿਰਾਵਾ, ਰੀਤੀ-ਰਿਵਾਜ਼ ਆਦਿ।"

8. ਪੈਰ੍ਹੇ ਦਾ ਕੇਂਦਰੀ ਥੀਮ ਹੈ:
   (A) ਸੱਭਿਆਚਾਰ ਦੇ ਤੱਤ
   (B) ਸੱਭਿਆਚਾਰ ਦੀ ਪਰਿਭਾਸ਼ਾ
   (C) ਪੰਜਾਬੀ ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ
   (D) ਸੱਭਿਆਚਾਰ ਸਰਵ-ਵਿਆਪਕ ਹੈ

9. ਕਿਹੜਾ ਕਥਨ ਸਹੀ ਹੈ?
   (A) ਪੰਜਾਬ ਦਾ ਸੱਭਿਆਚਾਰ, ਬੇ-ਪ੍ਰਤੀਤੀ ਦਾ ਮਤਾ ਹੈ
   (B) ਪੰਜਾਬ ਦਾ ਸੱਭਿਆਚਾਰ, ਤੌਖਲਿਆਂ ਨਾਲ ਭਰਿਆ ਹੋਇਆ ਹੈ।
   (C) ਪੰਜਾਬ ਦਾ ਸੱਭਿਆਚਾਰ ਅੰਧ-ਵਿਸ਼ਵਾਸੀ ਹੈ।
   (D) ਪੰਜਾਬ ਦਾ ਸੱਭਿਆਚਾਰ, ਇੱਕ ਮਿਸ਼ਰਿਤ ਸੱਭਿਆਚਾਰ ਹੈ।

10. ਇਨ੍ਹਾਂ ਵਿੱਚੋਂ ਕਿਹੜਾ ਕਥਨ ਸਹੀ ਹੈ ?
   (A) ਪੰਜਾਬੀ ਸੱਭਿਆਚਾਰ ਨੇ, ਇਤਨੇ ਹਮਲਿਆਂ ਅਤੇ ਇੰਨੇ ਵਿਦੇਸ਼ੀ ਮੂਲ ਦੇ ਲੋਕਾਂ ਦੇ ਇੱਥੇ ਆਉਣ ਦੇ ਬਾਵਜੂਦ ਵੀ ਆਪਣੀ ਮੂਲ ਗਰਿਮਾ ਨੂੰ ਬਣਾਈ ਰੱਖਿਆ ਹੈ।
   (B) ਪੰਜਾਬ ਦਾ ਸੱਭਿਆਚਾਰ, ਬੰਦਸ਼ਾਂ ਨਾਲ ਭਰਿਆ ਹੋਇਆ ਕਮਜ਼ੋਰ ਸੱਭਿਆਚਾਰ ਹੈ।
   (C) ਪੰਜਾਬੀ ਸੱਭਿਆਚਾਰ ਮਨੁੱਖੀ ਅਸਤਿਤਵ ਵਿਰੋਧੀ ਹੈ।
   (D) ਪੰਜਾਬੀ ਸੱਭਿਆਚਾਰ ਅਣ-ਮਨੁੱਖੀ ਕਦਰਾਂ-ਕੀਮਤਾਂ ਦਾ ਧਾਰਣੀ ਹੈ।

11. ਪ੍ਰਗਤੀਵਾਦੀ ਕਹਾਣੀਕਾਰਾਂ ਦਾ ਕਿਹੜਾ ਪ੍ਰਵਰਗ ਸਹੀ ਹੈ ?
   (A) ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਮੋਹਨ ਭੰਡਾਰੀ
   (B) ਸੰਤੋਖ ਸਿੰਘ ਧੀਰ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ
   (C) ਅਜੀਤ ਕੌਰ, ਕੁਲਵੰਤ ਸਿੰਘ ਵਿਰਕ, ਅਤਰਜੀਤ
   (D) ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਸੰਤੋਖ ਸਿੰਘ ਧੀਰ

12. ਸੂਚੀ ਮਿਲਾਨ ਕਰੋ:

| | ਸੂਚੀ – 1 | | ਸੂਚੀ – 2 |
|---|---|---|---|
| a. | ਕਾਲੇ ਵਰਕੇ | i. | ਵੀਨਾ ਵਰਮਾ |
| b. | ਵਾਪਸੀ | ii. | ਜਰਨੈਲ ਸਿੰਘ |
| c. | ਬਿਨ ਸਿੰਗੇ ਸਾਨ੍ਹ | iii. | ਜਗਜੀਤ ਬਰਾੜ |
| d. | ਫਰੰਗੀਆਂ ਦੀ ਨੂੰਹ | iv. | ਪ੍ਰੋ. ਹਰਭਜਨ ਸਿੰਘ |

| | a | b | c | d |
|---|---|---|---|---|
| (A) | ii | iii | iv | i |
| (B) | i | ii | iii | iv |
| (C) | iv | iii | i | ii |
| (D) | iii | ii | iv | i |

Adda247 GET IT ON Google Play



**13.** ਦਲਿਤ ਜੀਵਨ ਦੀ ਪੇਸ਼ਕਾਰੀ ਕਰਨ ਵਾਲੇ ਕਿਹੜੇ ਕਹਾਣੀਕਾਰਾਂ ਦਾ ਜੁੱਟ ਸਹੀ ਹੈ ?

(A) ਭਗਵੰਤ ਰਸੂਲਪੁਰੀ, ਸਰੂਪ ਸਿਆਲਵੀ, ਦੇਸ ਰਾਜ ਕਾਲੀ

(B) ਜਿੰਦਰ, ਗੁਰਦੇਵ ਰੁਪਾਣਾ, ਮੋਹਨ ਭੰਡਾਰੀ

(C) ਗੁਰਮੀਤ ਕੜਿਆਲਵੀ, ਸੁਖਜੀਤ, ਸੁਖਵੰਤ ਕੌਰ ਮਾਨ

(D) ਜਤਿੰਦਰ ਹਾਂਸ, ਨਿਰਮਲ ਜਸਵਾਲ, ਜਸਵੀਰ ਰਾਣਾ

**14.** 'ਸੱਤ ਗਵਾਚੇ ਲੋਕ' ਰਚਨਾ ਦਾ ਲੇਖਕ ਕੌਣ ਹੈ ?

(A) ਸਲੀਮ ਖਾਂ ਸਿੰਮੀ

(B) ਅਫ਼ਜ਼ਲ ਅਹਿਸਨ ਰੰਧਾਵਾ

(C) ਅਹਿਮਦ ਸਲੀਮ

(D) ਫ਼ਖ਼ਰ ਜਮਾਨ

**15.** 'ਸ਼ਿਕਾਰਗਾਹ' ਰਚਨਾ ਦਾ ਲੇਖਕ ਕੌਣ ਹੈ ?

(A) ਅਜੀਤ ਕੌਰ

(B) ਸ਼ਰਨ ਮੱਕੜ

(C) ਸੁਰਿੰਦਰ ਨੀਰ

(D) ਮੋਹਨ ਕਾਹਲੋਂ

**16.** ਸ੍ਰੀ ਕਰਤਾਰ ਸਿੰਘ ਦੁੱਗਲ ਦੀ ਲਿਖਤ ਤੇ ਕਿਸ ਉਪ- ਭਾਸ਼ਾ ਦਾ ਗਹਿਰਾ ਪ੍ਰਭਾਵ ਹੈ ?

(A) ਮਾਝੀ

(B) ਮੁਲਤਾਨੀ

(C) ਬਹਾਵਲਪੁਰੀ

(D) ਪੋਠੋਹਾਰੀ

**17.** ਪੰਜਾਬੀ ਭਾਸ਼ਾ ਵਿਗਿਆਨੀਆਂ ਦਾ ਸਹੀ ਵਰਗ਼ ਕਿਹੜਾ ਹੈ ?

(A) ਹਰਜੀਤ ਸਿੰਘ ਗਿੱਲ, ਬਲਜੀਤ ਕੌਰ, ਡਾ. ਗੁਰਦੇਵ ਸਿੰਘ

(B) ਸੁਖਵਿੰਦਰ ਸਿੰਘ ਸੰਘਾ, ਪ੍ਰੇਮ ਪ੍ਰਕਾਸ਼ ਸਿੰਘ, ਹਰਿਭਜਨ ਸਿੰਘ ਭਾਟੀਆ

(C) ਤਰਲੋਕ ਸਿੰਘ ਕੰਵਰ, ਸ.ਸ. ਜੋਸ਼ੀ, ਜੋਗਿੰਦਰ ਸਿੰਘ ਪੁਆਰ

(D) ਹਰਕੀਰਤ ਸਿੰਘ, ਡਾ. ਬਲਬੀਰ ਸਿੰਘ ਸੰਧੂ, ਡਾ. ਪਰਮਜੀਤ ਸਿੰਘ ਸਿੱਧੂ

**18.** 'ਸੁਰ' ਦਾ ਸੰਬੰਧ ਕਿਸ ਨਾਲ ਹੈ ?

(A) ਕੰਠ ਦੀ ਹਰਕਤ ਨਾਲ

(B) ਕੋਮਲ ਤਾਲਵੀ ਧੁਨੀਆਂ ਨਾਲ

(C) ਸਵਰਾਂ ਦੀ ਤਰਤੀਬ ਨਾਲ

(D) ਲਘੂ ਸਵਰਾਂ ਨਾਲ

**19.** 'ਪੰਜਾਬੀ ਜ਼ੁਬਾਨ ਤੇ ਉਸ ਦਾ ਲਿਟਰੇਚਰ' ਨਾਮੀ ਪੁਸਤਕ ਦਾ ਲੇਖਕ ਕੌਣ ਹੈ ?

(A) ਗੋਪਾਲ ਸਿੰਘ ਦਰਦੀ

(B) ਬਨਾਰਸੀ ਦਾਸ ਜੈਨ

(C) ਮੋਹਨ ਸਿੰਘ ੳਬਰਾਏ

(D) ਨਜ਼ਮ ਹੁਸੈਨ ਸੱਯਦ

**20.** 'ਗੁਰੂਸ਼ਬਦ ਰਤਨਾਕਰ ਮਹਾਨ-ਕੋਸ਼' ਦਾ ਕਰਤਾ ਕੌਣ ਹੈ ?

(A) ਭਾਈ ਕਾਨ੍ਹ ਸਿੰਘ ਨਾਭਾ

(B) ਭਾਈ ਰਣਧੀਰ ਸਿੰਘ

(C) ਗਿਆਨੀ ਗਿਆਨ ਸਿੰਘ

(D) ਮਹਿਮਾ ਸਿੰਘ

Adda247 GET IT ON Google Play



21. 'ਕਾਵਿ ਰੇਖਾ-ਚਿੱਤਰ' ਲਿਖਣ ਵਾਲੇ ਕਵੀਆਂ ਦਾ ਕਿਹੜਾ ਜੁੱਟ ਸਹੀ ਹੈ ?
   (A) ਵਨੀਤਾ – ਸੁਖਵਿੰਦਰ ਅੰਮ੍ਰਿਤ
   (B) ਮੋਹਨਜੀਤ – ਆਤਮ ਹਮਰਾਹੀ
   (C) ਪਾਲ ਕੌਰ – ਦੇਵਨੀਤ
   (D) ਸਵਰਾਜਬੀਰ–ਜਸਵੰਤ ਸਿੰਘ ਨੇਕੀ

22. 'ਸਿਮਰਤੀ ਦੇ ਕਿਰਨ ਤੋਂ ਪਹਿਲਾਂ' ਪੁਸਤਕ ਦਾ ਲੇਖਕ ਕੌਣ ਹੈ ?
   (A) ਸੁਰਜੀਤ ਪਾਤਰ
   (B) ਮੋਹਨਜੀਤ
   (C) ਹਰਨਾਮ
   (D) ਜਸਵੰਤ ਸਿੰਘ ਨੇਕੀ

23. ਰਚਨਾ ਤੇ ਰੂਪਾਕਾਰ ਦਾ ਸਹੀ ਜੁੱਟ ਨਹੀਂ ਹੈ:
   (A) ਖੜਾਵਾਂ : ਨਜ਼ਮਾਂ
   (B) ਵਿਸ਼ਵਨੂਰ : ਮਹਾ ਕਾਵਿ
   (C) ਸਾਨੂੰ ਮੇਰੇ ਪੰਜਾਬ ਦੀਆਂ : ਵਾਰਕਾਵਿ
   (D) ਦੁੱਧ ਪੱਥਰੀ : ਗੀਤ ਕਾਵਿ

24. 'ਚਿੰਤਨ ਇਕ ਵੱਗਦਾ ਦਰਿਆ' ਦਾ ਲੇਖਕ ਕੌਣ ਹੈ ?
   (A) ਅਜੀਤ ਸਿੰਘ ਮਸਤਾਨਾ
   (B) ਉਜਾਗਰ ਸਿੰਘ ਮਹਿਕ
   (C) ਕੀਰਤ ਸਿੰਘ ਇਨਕਲਾਬੀ
   (D) ਅਮਰ ਸਿੰਘ ਕੂਕਾ

25. ਸੂਚੀ ਮਿਲਾਨ ਕਰੋ:

| ਸੂਚੀ – 1 | ਸੂਚੀ – 2 |
|---|---|
| a. ਕਿਰਨਾਂ | i. ਬਲਜੀਤ ਸਿੰਘ ਰੈਣਾ |
| b. ਤੀਜੀ ਅੱਖ ਦੇ ਨਾਂ | ii. ਸਵਾਮੀ ਅੰਤਰ ਨੀਰਵ |
| c. ਕੁਝ ਬਾਕੀ ਹੈ | iii. ਸੁਰਜੀਤ ਸਖੀ |
| d. ਸਿਫ਼ਰ ਤੋਂ ਅੱਗੇ | iv. ਮੋਨੋਜੀਤ |

| | a | b | c | d |
|---|---|---|---|---|
| (A) | iii | i | ii | iv |
| (B) | ii | i | iii | iv |
| (C) | iv | iii | ii | i |
| (D) | i | iv | ii | iii |

26. 'ਗਿੱਧਾ' ਪੁਸਤਕ ਦਾ ਲੇਖਕ ਕੌਣ ਹੈ ?
   (A) ਦੇਵਿੰਦਰ ਸਤਿਆਰਥੀ
   (B) ਸ. ਸ. ਵਣਜਾਰਾ ਬੇਦੀ
   (C) ਗੁਰਮੀਤ ਸਿੰਘ
   (D) ਕਰਨੈਲ ਸਿੰਘ ਥਿੰਦ

27. 'ਪੰਜਾਬੀ ਸੱਭਿਆਚਾਰ : ਪਛਾਣ ਚਿੰਨ੍ਹ' ਪੁਸਤਕ ਦਾ ਲੇਖਕ ਕੌਣ ਹੈ ?
   (A) ਗੁਰਚਰਨ ਸਿੰਘ ਅਰਸ਼ੀ
   (B) ਜਸਵਿੰਦਰ ਸਿੰਘ
   (C) ਬਲਬੀਰ ਸਿੰਘ ਪੂਨੀ
   (D) ਗੁਰਬਖ਼ਸ਼ ਸਿੰਘ ਫਰੈਂਕ

28. ਸੂਚੀ ਮਿਲਾਨ ਕਰੋ :

| ਸੂਚੀ – 1 | ਸੂਚੀ – 2 |
|---|---|
| a. ਜੀਤ ਸਿੰਘ ਜੋਸ਼ੀ | i. ਸੱਭਿਆਚਾਰ ਦੇ ਚਾਰ ਅਧਿਆਇ |
| b. ਰਾਮਧਾਰੀ ਸਿੰਘ ਦਿਨਕਰ | ii. ਪੰਜਾਬੀ ਸੱਭਿਆਚਾਰ ਬਾਰੇ |
| c. ਸਤਿੰਦਰ ਸਿੰਘ ਨੂਰ | iii. ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ |
| d. ਗੁਰਬਖ਼ਸ਼ ਸਿੰਘ ਫ਼ਰੈਂਕ | iv. ਲੋਕਯਾਨ, ਸਾਹਿਤ ਤੇ ਸੱਭਿਆਚਾਰ |

| | a | b | c | d |
|---|---|---|---|---|
| (A) | i | ii | iii | iv |
| (B) | ii | i | iv | iii |
| (C) | iv | ii | i | iii |
| (D) | iii | iv | ii | i |

29. 'ਨਿੱਕੀ-ਨਿੱਕੀ ਬੂੰਦੀ ਨਿੱਕਿਆ ਮੀਂਹ ਵੇ ਵਰ੍ਹੇ' ਕੀ ਹੈ ?

(A) ਸਿੱਠਣੀ (B) ਘੋੜੀ
(C) ਸੁਹਾਗ (D) ਛੰਦ

30. 'ਪੰਜਾਬੀ ਸੱਭਿਆਚਾਰ ਦਾ ਭਵਿੱਖ' ਪੁਸਤਕ ਦਾ ਲੇਖਕ ਕੌਣ ਹੈ ?

(A) ਡਾ. ਜਸਵਿੰਦਰ ਸਿੰਘ
(B) ਡਾ. ਮਹਿੰਦਰ ਸਿੰਘ ਰੰਧਾਵਾ
(C) ਡਾ. ਬਿਕਰਮ ਸਿੰਘ ਘੁੰਮਣ
(D) ਅਮਰਜੀਤ ਗਰੇਵਾਲ

31. 'ਲਾਂਗ ਅਤੇ ਪੈਰੋਲ' ਦਾ ਸੰਕਲਪ ਕਿਸ ਚਿੰਤਕ ਦਾ ਹੈ ?

(A) ਸੋਸਿਊਰ (B) ਦੈਰਿਦਾ
(C) ਲਾਕਾਂ (D) ਰੋਲਾਂ ਬਾਰਤ

32. 'ਠ' ਕਿਹੜੀ ਧੁਨੀ ਹੈ ?

(A) ਦੰਤੀ (B) ਖਹਿਵੀ
(C) ਅਟਕਵੀਂ (D) ਨਾਸਕੀ

33. ਪੰਜਾਬੀ ਵਿੱਚ ਵਿਅੰਜਨ ਕਿੰਨੇ ਹਨ ?

(A) 29 (B) 26
(C) 35 (D) 30

34. ਕਿਸ ਤੋਂ ਬਿਨਾਂ ਖੋਜ ਦਾ ਕਾਰਜ ਸੰਭਵ ਹੈ ?

(A) ਸੰਦਰਭ ਪੁਸਤਕਾਂ/ਗ੍ਰੰਥਾਂ ਤੋਂ ਬਿਨਾਂ
(B) ਖੇਤਰੀ ਖੋਜ ਦੇ ਸੰਦਾਂ ਤੋਂ ਬਿਨਾਂ
(C) ਪ੍ਰਸ਼ਨਾਵਲੀ ਤੋਂ ਬਿਨਾਂ
(D) ਉਪਰੋਕਤ ਕੋਈ ਵੀ ਨਹੀਂ

35. ਇੱਕ ਖੋਜਕਾਰ ਕੋਲ ਖੋਜ ਦੇ ਲਈ ਕੀ-ਕੀ ਹੋਣਾ ਜ਼ਰੂਰੀ ਹੈ ?

(A) ਨਵੇਂ ਸੰਦ ਘੜਨ ਦੀ ਯੋਗਤਾ
(B) ਨਵੀਂ ਪ੍ਰਵਿਧੀ ਲੱਭਣ ਦੀ ਯੋਗਤਾ
(C) ਨਵੀਂ ਪੱਧਤੀ ਬਣਾਉਣ ਦੀ ਯੋਗਤਾ
(D) ਉਪਰੋਕਤ ਸਾਰੇ

36. ਸੂਫ਼ੀਆਂ ਨਾਲ ਸੰਬੰਧਿਤ ਖੋਜਕਾਰਾਂ ਦਾ ਕਿਹੜਾ ਜੁੱਟ ਸਹੀ ਹੈ ?

(A) ਮੋਹਨ ਸਿੰਘ ਦੀਵਾਨਾ, ਤਾਰਨ ਸਿੰਘ, ਸਾਹਿਬ ਸਿੰਘ
(B) ਸਾਧੂ ਰਾਮ ਸ਼ਾਰਦਾ, ਲਾਜਵੰਤੀ ਰਾਮਾਕ੍ਰਿਸ਼ਨਾ, ਪ੍ਰੋ. ਗੁਲਵੰਤ ਸਿੰਘ
(C) ਪ੍ਰੋ. ਕਿਸ਼ਨ ਸਿੰਘ, ਹਰਿਭਜਨ ਸਿੰਘ, ਅਬਦੁਲ ਗਫ਼ੂਰ ਕੁਰੈਸ਼ੀ
(D) ਸੁਰਿੰਦਰ ਸਿੰਘ ਕੋਹਲੀ, ਰਾਮ ਸਿੰਘ, ਨਜ਼ਮ ਹੁਸੈਨ ਸੱਯਦ

37. ਜਪੁਜੀ ਸਾਹਿਬ ਮੁਤਾਬਕ ਖੰਡਾਂ ਦੀ ਸਹੀ ਤਰਤੀਬ ਹੈ:

(A) ਸਰਮ, ਕਰਮ, ਗਿਆਨ, ਧਰਮ, ਸੱਚ

(B) ਕਰਮ, ਸਰਮ, ਧਰਮ, ਸੱਚ, ਗਿਆਨ

(C) ਧਰਮ, ਗਿਆਨ, ਸਰਮ, ਕਰਮ, ਸੱਚ

(D) ਸੱਚ, ਸਰਮ, ਕਰਮ, ਗਿਆਨ, ਧਰਮ

38. ਸੂਚੀ ਮਿਲਾਨ ਕਰੋ:

| ਸੂਚੀ – 1 | ਸੂਚੀ – 2 |
|---|---|
| a. ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ | i. ਮੁਹੰਮਦ ਹਬੀਬ |
| b. ਇਸਲਾਮੀ ਚਿੰਤਨ ਤੇ ਪੰਜਾਬੀ ਸੂਫ਼ੀ ਕਵਿਤਾ | ii. ਗੁਰਦੇਵ ਸਿੰਘ |
| c. ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ | iii. ਅਨਵਰ ਚਿਰਾਗ |
| d. ਭਾਰਤ ਵਿੱਚ ਸੂਫ਼ੀਵਾਦ : ਚੋਣਵੇਂ ਸੰਦਰਭ | iv. ਸਾਧੂ ਰਾਮ ਸ਼ਰਦਾ |

| | a | b | c | d |
|---|---|---|---|---|
| (A) | iii | iv | i | ii |
| (B) | i | ii | iii | iv |
| (C) | ii | iv | i | iii |
| (D) | ii | iii | iv | i |

39. "ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥"

ਬਾਣੀ-ਸਤਰਾਂ ਕਿਸ ਬਾਣੀਕਾਰ ਦੀਆਂ ਹਨ?

(A) ਗੁਰੂ ਨਾਨਕ ਦੇਵ

(B) ਭਗਤ ਕਬੀਰ

(C) ਗੁਰੂ ਅਰਜਨ ਦੇਵ

(D) ਭਗਤ ਨਾਮਦੇਵ

40. ਹੀਰ ਰਾਂਝਾ ਦਾ ਕਿੱਸਾ ਕਿਸ ਕਿੱਸਾਕਾਰ ਨੇ ਹਾਸ ਰਸ ਵਿੱਚ ਲਿਖਿਆ?

(A) ਭਗਵਾਨ ਸਿੰਘ

(B) ਅਹਿਮਦ ਗੁਜਰ

(C) ਸੂਬਾ ਸਿੰਘ

(D) ਬਾਬੂ ਰਜਬ ਅਲੀ

41. ਕਿਹੜਾ ਜੁੱਟ ਨੱਕ ਦੇ ਗਹਿਣਿਆਂ ਦਾ ਨਹੀਂ ਹੈ ?

(A) ਮੱਛਲੀ, ਨੱਥ, ਤੀਲੀ, ਕੋਕਾ

(B) ਮਾਮੇ ਮੁਰਕੀਆਂ, ਬਲਾਕ, ਰੇਖ, ਕੋਕਾ

(C) ਲੌਂਗ, ਕੋਕਾ, ਤੀਲੀ, ਨੁਕਰਾ

(D) ਬੁੰਦੇ, ਨੁਕਰਾ, ਲੌਂਗ, ਕੋਕਾ

42. ਕਥਨ: (ੳ) ਲੋਕਧਾਰਾ ਦੇ ਵਿਭਿੰਨ ਅੰਗਾਂ ਦੇ ਕਈ ਪ੍ਰਕਾਰਜ ਹੁੰਦੇ ਹਨ। ਜਿਵੇਂ ਲੋਕ ਬੁਝਾਰਤਾਂ ਸਾਡੀ ਸੋਚ ਨੂੰ ਤਿਖਿਆਂ ਕਰਦੀਆਂ ਹਨ, ਪੁਰਾਣ ਕਥਾਵਾਂ ਸਾਨੂੰ ਵਿਹਾਰਕ ਸੂਝ ਪ੍ਰਦਾਨ ਕਰਦੀਆਂ ਹਨ।

ਕਾਰਨ: (ਅ) ਪਰ ਇਹ ਸਾਡੀ ਮਾਨਸਿਕਤਾ ਨੂੰ ਕੋਈ ਸੇਧ ਦੇਣ ਤੋਂ ਅਸਮਰੱਥ ਰਹਿ ਜਾਂਦੀਆਂ ਹਨ, ਕਿਉਂਕਿ ਵਿਸ਼ਵਾਸ ਅਤੇ ਅਨੁਸ਼ਠਾਨ ਹੀ ਹਰੇਕ ਪੱਖ ਦਾ ਨਿਸ਼ਚੇ ਕਰਦੇ ਹਨ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ

(A) (ੳ) ਗ਼ਲਤ ਹੈ (ਅ) ਸਹੀ ਹੈ।

(B) (ੳ) ਅਤੇ (ਅ) ਦੋਵੇਂ ਸਹੀ ਹਨ।

(C) (ੳ) ਸਹੀ ਹੈ ਅਤੇ (ਅ) ਆਂਸ਼ਿਕ ਸਹੀ ਹੈ।

(D) (ੳ) ਅਤੇ (ਅ) ਦੋਵੇਂ ਗ਼ਲਤ ਹਨ।

Adda247 GET IT ON Google Play



43. ਪੰਜਾਬੀ ਦੇ ਦੰਤੀ ਵਿਅੰਜਨ ਹਨ :
(A) ਚ, ਛ, ਜ
(B) ਕ, ਖ, ਗ
(C) ਯ, ਰ, ਲ
(D) ਤ, ਥ, ਦ

44. 'ਰੂਪਾਂਤਰੀ ਵਿਆਕਰਨ' ਦਾ ਕਰਤਾ ਕੌਣ ਹੈ ?
(A) ਜੀ. ਬੀ. ਸਿੰਘ
(B) ਹਰਕੀਰਤ ਸਿੰਘ
(C) ਉਜਲ ਸਿੰਘ ਬਾਹਰੀ
(D) ਜੋਗਿੰਦਰ ਸਿੰਘ ਪੁਆਰ

45. 'ਆਫ਼ ਗਰਾਮੇਟੋਲੋਜੀ' ਪੁਸਤਕ ਦਾ ਕਰਤਾ ਹੈ ?
(A) ਸੌਸਿਊਰ
(B) ਯੱਕ ਲਾਕਾਂ
(C) ਰੋਲਾਂ ਬਾਰਤ
(D) ਯੱਕ ਦੈਰੀਦਾ

46. 'ਕੋਇਲ ਕੂ' ਪੁਸਤਕ ਦਾ ਲੇਖਕ ਕੌਣ ਹੈ?
(A) ਸਤਿੰਦਰ ਸਿੰਘ ਨੂਰ
(B) ਸੰਤ ਸਿੰਘ ਸੇਖੋਂ
(C) ਬਾਵਾ ਬੁੱਧ ਸਿੰਘ
(D) ਮੌਲਾ ਬਖ਼ਸ਼ ਕੁਸ਼ਤਾ

47. ਮਕਤਾ, ਮਤਲਾ, ਕਾਫ਼ੀਆ, ਰਦੀਫ਼ ਦਾ ਸੰਬੰਧ ਕਿਸ ਨਾਲ ਹੈ ?
(A) ਸਲੋਕ
(B) ਗ਼ਜ਼ਲ
(C) ਰੁਬਾਈ
(D) ਗੀਤ

48. 'ਅਜਨਬੀਕਰਨ' ਦਾ ਸੰਕਲਪ ਕਿਹੜੀ ਅਲੋਚਨਾ-ਪ੍ਰਣਾਲੀ ਦਾ ਹੈ ?
(A) ਮਾਰਕਸਵਾਦ
(B) ਅਸਤਿਤਵਾਦ
(C) ਰੂਸੀ ਰੂਪਵਾਦ
(D) ਉੱਤਰ ਬਸਤੀਵਾਦ

49. 'ਕਾਵਯ ਮੀਮਾਂਸਾ' ਗ੍ਰੰਥ ਦਾ ਰਚਨਹਾਰ ਕੌਣ ਹੈ?
(A) ਰਾਜਸ਼ੇਖਰ
(B) ਦੰਡੀ
(C) ਵਾਮਨ
(D) ਆਨੰਦਵਰਧਨ

50. ਮਾਰਕਸਵਾਦੀ ਸਿਧਾਂਤ ਦੀ ਬੁਨਿਆਦੀ ਸਥਾਪਨਾ ਕੀ ਹੈ?
(A) ਕਲਾ ਅਤੇ ਪ੍ਰਚਾਰ
(B) ਵਸਤੂ ਅਤੇ ਜੁਗਤਾਂ
(C) ਵਰਗ ਸੰਘਰਸ਼ ਅਤੇ ਵਿਚਾਰਧਾਰਾ
(D) ਅਨੁਭਵ ਅਤੇ ਰਹੱਸਾਤਮਕਤਾ

51. 'ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ' ਦਾ ਲੇਖਕ ਕੌਣ ਹੈ ?
(A) ਡਾ. ਰਜਨੀਸ਼ ਬਹਾਦਰ ਸਿੰਘ
(B) ਡਾ. ਧਨਵੰਤ ਕੌਰ
(C) ਡਾ. ਜੋਗਿੰਦਰ ਸਿੰਘ ਨਹਿਰੂ
(D) ਡਾ. ਸੁਰਿੰਦਰ ਕੁਮਾਰ ਦਵੇਸ਼ਵਰ

52. ਕਿਹੜਾ ਜੁੱਟ ਸਹੀ ਨਹੀਂ ਹੈ?
(A) ਸੁੰਦਰੀ - ਸੁੰਦਰੀ
(B) ਚਿੱਟਾ ਲਹੂ - ਸੁੰਦਰੀ
(C) ਪੂਰਨਮਾਸ਼ੀ - ਰੂਪ
(D) ਅਣਹੋਏ - ਮੋਦਨ

Adda247 GET IT ON Google Play



53. ਪੰਜਾਬੀ ਵਿੱਚ ਨੁੱਕੜ ਨਾਟਕ ਨੂੰ ਪ੍ਰਫੁਲਿਤ ਕਰਨ ਵਿੱਚ ਸਭ ਤੋਂ ਵੱਧ ਯੋਗਦਾਨ ਕਿਸ ਦਾ ਹੈ ?

(A) ਅਜਮੇਰ ਔਲਖ

(B) ਗੁਰਸ਼ਰਨ ਸਿੰਘ

(C) ਆਤਮਜੀਤ

(D) ਸਾਹਿਬ ਸਿੰਘ

54. 'ਸੁਭੱਦਰਾ' ਨਾਟਕ ਦਾ ਲੇਖਕ ਕੌਣ ਹੈ ?

(A) ਆਈ. ਸੀ. ਨੰਦਾ

(B) ਨੋਰਾ ਰਿਚਰਡਜ਼

(C) ਕਪੂਰ ਸਿੰਘ ਘੁੰਮਣ

(D) ਰੌਸ਼ਨ ਲਾਲ ਅਹੂਜਾ

55. ਸੂਚੀ ਮਿਲਾਨ ਕਰੋ:

| ਸੂਚੀ – 1 | ਸੂਚੀ – 2 |
|---|---|
| a. ਸਵਰਾਜਬੀਰ | i. ਉਦਾਸ ਲੋਕ |
| b. ਹਰਸਰਨ ਸਿੰਘ | ii. ਰਿਸ਼ਤਿਆਂ ਦਾ ਕੀ ਰੱਖੀਏ ਨਾਂ |
| c. ਆਤਮਜੀਤ | iii. ਅੰਨ੍ਹੇ ਨਿਸ਼ਾਨਚੀ |
| d. ਅਜਮੇਰ ਸਿੰਘ ਔਲਖ | iv. ਧਰਮ ਗੁਰੂ |

| | a | b | c | d |
|---|---|---|---|---|
| (A) | i | ii | iii | iv |
| (B) | ii | iii | iv | i |
| (C) | iv | i | ii | iii |
| (D) | iii | iv | i | ii |

56. 'ਅੱਵਲਿ ਅੱਲਾ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ' ਇਸ ਬਾਣੀ ਤੁਕ ਦਾ ਰਚਨਹਾਰ ਕੌਣ ਹੈ ?

(A) ਗੁਰੂ ਨਾਨਕ

(B) ਭਗਤ ਕਬੀਰ

(C) ਭਗਤ ਨਾਮਦੇਵ

(D) ਸ਼ੇਖ਼ ਫ਼ਰੀਦ

57. ਭਾਰਤ ਵਿੱਚ ਸੂਫ਼ੀਮਤ ਦਾ ਪ੍ਰਵੇਸ਼ ਕਿਸ ਸਿਲਸਿਲੇ ਨਾਲ ਹੋਇਆ ?

(A) ਮਲਾਮਤੀ

(B) ਨਕਸ਼ਬੰਦੀ

(C) ਚਿਸ਼ਤੀ

(D) ਸੁਹਰਾਵਰਦੀ

58. ਬੁੱਲ੍ਹੇ ਸ਼ਾਹ ਨੇ ਕਿਹੜੇ ਕਾਵਿ-ਰੂਪ ਦੀ ਵਰਤੋਂ ਨਹੀਂ ਕੀਤੀ ?

(A) ਗੰਢਾਂ (B) ਸੀਹਰਫ਼ੀ

(C) ਬਾਰਹਮਾਹ (D) ਡਿਓਢ

59. ਕਿਹੜਾ ਸੂਫ਼ੀ ਕਵੀ ਕਾਦਰੀ ਸਿਲਸਿਲੇ ਨਾਲ ਸੰਬੰਧਿਤ ਨਹੀਂ ਹੈ ?

(A) ਬਾਬਾ ਫ਼ਰੀਦ

(B) ਸੁਲਤਾਨ ਬਾਹੂ

(C) ਬੁੱਲ੍ਹੇ ਸ਼ਾਹ

(D) ਸ਼ਾਹ ਹੁਸੈਨ

60. ਕਿਹੜੇ ਗੁਰੂ ਸਾਹਿਬ ਨੇ ਵਾਰ ਕਾਵਿ-ਰੂਪ ਦੀ ਵਰਤੋਂ ਨਹੀਂ ਕੀਤੀ ?

(A) ਗੁਰੂ ਰਾਮਦਾਸ

(B) ਗੁਰੂ ਨਾਨਕ ਦੇਵ

(C) ਗੁਰੂ ਤੇਗ਼ ਬਹਾਦਰ

(D) ਗੁਰੂ ਅਰਜਨ ਦੇਵ

Adda247 GET IT ON Google Play



**61.** 'ਜਨਮਸਾਖੀ/ਮਿੱਥ ਵਿਗਿਆਨ' ਦਾ ਲੇਖਕ ਕੌਣ ਹੈ ?
(A) ਡਾ. ਗੁਰਪਾਲ ਸਿੰਘ ਸੰਧੂ
(B) ਡਾ.ਜੋਗਿੰਦਰ ਸਿੰਘ ਕੈਰੋਂ
(C) ਡਾ. ਮਨਜੀਤ ਸਿੰਘ
(D) ਡਾ. ਸੁਖਦੇਵ ਸਿੰਘ

**62.** ਝੁੰਮਰ ਲਈ ਕਿਹੜਾ ਸਾਜ਼ ਪ੍ਰਮੁੱਖ ਹੈ ?
(A) ਕਾਟੋ
(B) ਢੋਲ
(C) ਚਿਮਟਾ
(D) ਅਲਗੋਜ਼ੇ

**63.** ਮਰਦਾਂ ਵੱਲੋਂ ਗਾਏ ਜਾਣ ਵਾਲੇ ਲੋਕ-ਗੀਤਾਂ ਦਾ ਕਿਹੜਾ ਜੁੱਟ ਸਹੀ ਹੈ ?
(A) ਟੱਪੇ ਤੇ ਕੀਰਨੇ
(B) ਸੱਦ ਤੇ ਸੁਹਾਗ
(C) ਮਾਹੀਆ ਤੇ ਜਿੰਦੂਆ
(D) ਢੋਲਾ ਤੇ ਸਿਠਣੀਆਂ

**64.** ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਕਿਹੜੇ ਵਿਦਵਾਨਾਂ ਦਾ ਜੁੱਟ ਸਹੀ ਹੈ ?
(A) ਟੀ ਆਰ ਵਿਨੋਦ ਤੇ ਹਰਨਾਮ ਸਿੰਘ ਸ਼ਾਨ
(B) ਜੋਗਿੰਦਰ ਸਿੰਘ ਕੈਰੋਂ ਤੇ ਸ. ਪ. ਸਿੰਘ
(C) ਗੁਰਬਖ਼ਸ਼ ਸਿੰਘ ਫ਼ਰੈਂਕ ਤੇ ਜਸਵਿੰਦਰ ਸਿੰਘ
(D) ਸੁਖਦੇਵ ਸਿੰਘ ਖਾਹਰਾ ਤੇ ਜੀਤ ਸਿੰਘ ਜੋਸ਼ੀ

**65.** ਲੋਕ-ਚਿਕਿਤਸਾ ਦਾ ਆਧਾਰ ਸ੍ਰੋਤ ਹੈ :
(A) ਰਿਗਵੇਦ
(B) ਅਥਰਵਵੇਦ
(C) ਸਾਮਵੇਦ
(D) ਯਜੁਰਵੇਦ

**66.** ਆਧੁਨਿਕ ਪੰਜਾਬੀ ਵਾਰਤਕ ਦਾ ਕਿਹੜਾ ਜੁੱਟ ਸਹੀ ਹੈ ?
(A) ਹਾਇਕੂ ਤੇ ਡਾਇਰੀ
(B) ਰੁਬਾਈ ਤੇ ਪਰਚੀ
(C) ਜੀਵਨੀ ਤੇ ਸਫ਼ਰਨਾਮਾ
(D) ਸਵੈਜੀਵਨੀ ਤੇ ਬਾਰਾਮਾਹ

**67.** ਪੁਸਤਕ ਅਤੇ ਉਸ ਦੇ ਲੇਖਕ ਦਾ ਸਹੀ ਜੁੱਟ ਹੈ:
(A) ਡਾ.ਤਰਲੋਕ ਸਿੰਘ ਕੰਵਰ – 'ਪਾਠ ਤੇ ਪ੍ਰਸੰਗ'
(B) ਡਾ. ਆਤਮਜੀਤ ਸਿੰਘ – 'ਪਿਆਰ ਤੇ ਪਰਿਵਾਰ'
(C) ਡਾ. ਹਰਿਭਜਨ ਸਿੰਘ – 'ਸਾਹਿਤਕੀ'
(D) ਡਾ. ਸਤਿੰਦਰ ਸਿੰਘ ਨੂਰ – 'ਸਾਹਿਤ ਵਿਗਿਆਨ'

**68.** ਪੰਜਾਬੀ ਗੱਦ-ਸ਼ੈਲੀਕਾਰਾਂ ਦਾ ਸਹੀ ਵਰਗ ਹੈ:
(A) ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰਿੰ. ਤੇਜਾ ਸਿੰਘ, ਪ੍ਰੋ. ਪੂਰਨ ਸਿੰਘ
(B) ਹਰਿੰਦਰ ਸਿੰਘ ਰੂਪ, ਬਲਵੰਤ ਗਾਰਗੀ, ਸੂਬਾ ਸਿੰਘ
(C) ਬਲਰਾਜ ਸਾਹਨੀ, ਕੁਲਬੀਰ ਸਿੰਘ ਕਾਂਗ, ਡਾ. ਬਲਬੀਰ ਸਿੰਘ
(D) ਭਾਈ ਵੀਰ ਸਿੰਘ, ਗੁਰਬਚਨ ਸਿੰਘ ਤਾਲਿਬ, ਪ੍ਰੋ. ਸਾਹਿਬ ਸਿੰਘ

**69.** 'ਪੰਜਾਬੀ ਬਾਤਚੀਤ' ਨਿਬੰਧ-ਸੰਗ੍ਰਹਿ ਦਾ ਲੇਖਕ ਕੌਣ ਹੈ ?
(A) ਧਨੀ ਰਾਮ ਚਾਤ੍ਰਿਕ
(B) ਸ਼ਰਧਾ ਰਾਮ ਫਿਲੌਰੀ
(C) ਮੋਹਨ ਸਿੰਘ ਵੈਦ
(D) ਗੁਰਮੁਖ ਸਿੰਘ ਮੁਸਾਫ਼ਿਰ

70. 'ਮੇਰੀ ਗ਼ੈਰ-ਜਜ਼ਬਾਤੀ ਡਾਇਰੀ' ਪੁਸਤਕ ਦਾ ਲੇਖਕ ਕੌਣ ਹੈ ?

(A) ਪ੍ਰੋ. ਪੂਰਨ ਸਿੰਘ

(B) ਬਲਰਾਜ ਸਾਹਨੀ

(C) ਗੁਰਬਖ਼ਸ਼ ਸਿੰਘ ਪ੍ਰੀਤਲੜੀ

(D) ਪ੍ਰਿੰ. ਤੇਜਾ ਸਿੰਘ

71. 'ਉੱਦਾਤ' ਦਾ ਸਿਧਾਂਤ ਕਿਹੜੇ ਵਿਦਵਾਨ ਨੇ ਦਿੱਤਾ ?

(A) ਲੌਨਜਾਈਨਸ

(B) ਅਰਸਤੂ

(C) ਕ੍ਰੋਚੇ

(D) ਕਾਲੀਦਾਸ

72. ਖੋਜ ਅਤੇ ਅਲੋਚਨਾ ਨਾਲ ਸੰਬੰਧਿਤ ਰਸਾਲਿਆਂ ਦਾ ਕਿਹੜਾ ਜੁੱਟ ਸਹੀ ਹੈ ?

(A) ਅਲੋਚਨਾ, ਪ੍ਰਵਚਨ, ਸਮਕਾਲੀ ਸਾਹਿਤ

(B) ਪਰਖ, ਸਿਰਜਣਾ, ਪ੍ਰਤਿਮਾਨ

(C) ਖੋਜ ਦਰਪਣ, ਗੋਸ਼ਟਿ, ਪਰਖ

(D) ਤ੍ਰਿਸੰਕੂ, ਪੰਜ ਦਰਿਆ, ਪ੍ਰਵਚਨ

73. 'ਦ ਸੈਕੰਡ ਸੈਕਸ' ਦਾ ਲੇਖਕ ਕੌਣ ਹੈ ?

(A) ਲੂਸੀ ਇਰਿਗਰੈ

(B) ਸਿਮੋਨ ਦ ਬੋਅਵਾਰ

(C) ਜੂਲੀਆ ਕ੍ਰਿਸਤੇਵਾ

(D) ਬੈਟੀ-ਫ਼ਰੀਡਨ

74. ਕਥਨ: (ੳ) 17ਵੀਂ ਸਦੀ ਇਸਵੀ ਤੋਂ 19ਵੀਂ ਸਦੀ ਦੇ ਅੰਤ ਤੱਕ ਪੰਜਾਬੀ ਕਿੱਸਾ ਭਰਪੂਰ ਰੂਪ ਵਿੱਚ ਵਿਗਸਿਆ।

ਕਾਰਨ: (ਅ) ਭਾਰਤ ਵਿੱਚ ਉਸ ਸਮੇਂ ਸ਼ਕਤੀਸ਼ਾਲੀ ਸਾਮੰਤਸ਼ਾਹੀ ਪੈਦਾ ਹੋ ਚੁੱਕੀ ਸੀ ਅਤੇ ਜਾਗੀਰਦਾਰੀ ਢਾਂਚਾ ਹੋਂਦ ਵਿੱਚ ਆ ਗਿਆ ਸੀ।

(A) (ੳ) ਆਂਸ਼ਿਕ ਸਹੀ ਅਤੇ (ਅ) ਸਹੀ ਹੈ

(B) (ੳ) ਅਤੇ (ਅ) ਦੋਵੇਂ ਗ਼ਲਤ ਹਨ

(C) (ੳ) ਅਤੇ (ਅ) ਦੋਵੇਂ ਸਹੀ ਹਨ

(D) (ੳ) ਅਤੇ (ਅ) ਆਂਸ਼ਿਕ ਸਹੀ ਹਨ

75. 'ਗਦਰ' ਅਖ਼ਬਾਰ ਦਾ ਪ੍ਰਕਾਸ਼ਨ ਕਦੋਂ ਅਤੇ ਕਿੱਥੇ ਆਰੰਭ ਹੋਇਆ ?

(A) 1914, ਕੈਨੇਡਾ

(B) 1913, ਭਾਰਤ

(C) 1915, ਇੰਗਲੈਂਡ

(D) 1913, ਸਾਂਫ਼ਰਾਂਸਿਸਕੋ

76. 'ਮਰਚੈਂਟ ਆਫ਼ ਵੀਨਸ' ਦਾ ਪੰਜਾਬੀ ਰੂਪਾਂਤਰਣ ਹੈ:

(A) ਦੁਲਹਨ (B) ਸ਼ਾਮੂਸ਼ਾਹ

(C) ਵਰਘਰ (D) ਸੁਭੱਦਰਾ

77. ਸੂਚੀ ਮਿਲਾਨ ਕਰੋ:

| ਸੂਚੀ – 1 | ਸੂਚੀ – 2 |
|---|---|
| a. ਬਲਵੰਤ ਗਾਰਗੀ | i. ਕੁਆਰੀ ਟੀਸੀ |
| b. ਹਰਚਰਨ ਸਿੰਘ | ii. ਜੀਵਨ ਲੀਲ੍ਹਾ |
| c. ਗੁਰਚਰਨ ਸਿੰਘ ਜਸੂਜਾ | iii. ਸੁਖਮਨੀ ਦੇ ਚਾਨਣ ਵਿੱਚ |
| d. ਸੰਤ ਸਿੰਘ ਸੇਖੋਂ | iv. ਤਪਿਆ ਕਿਉਂ ਖਪਿਆ |

| | a | b | c | d |
|---|---|---|---|---|
| (A) | i | ii | iii | iv |
| (B) | ii | i | iv | iii |
| (C) | iv | i | ii | iii |
| (D) | iii | iv | i | ii |

Adda247 GET IT ON Google Play



78. 'ਬੁਲ੍ਹਾ' ਨਾਟਕ ਕਿਹੜੇ ਪਾਕਿਸਤਾਨੀ ਨਾਟਕਕਾਰ ਦੀ ਰਚਨਾ ਹੈ ?
(A) ਨਜ਼ਮ ਹੁਸੈਨ ਸੱਯਦ
(B) ਸ਼ਾਹਿਦ ਨਦੀਮ
(C) ਫ਼ਖ਼ਰ ਜ਼ਮਾਨ
(D) ਇਸਹਾਕ ਮੁਹੰਮਦ

79. 'ਮਿੱਤਰ ਪਿਆਰਾ' ਨਾਟਕ ਵਿੱਚ ਕਿਹੜਾ ਇਤਿਹਾਸਕ ਪਾਤਰ ਕੇਂਦਰ ਵਿੱਚ ਹੈ ?
(A) ਕਾਰਲ ਮਾਰਕਸ
(B) ਮਹਾਤਮਾ ਗਾਂਧੀ
(C) ਵੀ. ਆਈ. ਲੈਨਿਨ
(D) ਤੇਜਾ ਸਿੰਘ ਸੁਤੰਤਰ

80. ਮਿੱਥ ਨਾਲ ਸੰਬੰਧਿਤ ਕਿਹੜੇ ਨਾਟਕਾਂ ਦਾ ਜੁੱਟ ਸਹੀ ਹੈ ?
(A) ਮੇਦਨੀ, ਝਨਾਂ ਦੇ ਪਾਣੀ, ਮਿੱਤਰ ਪਿਆਰਾ
(B) ਕ੍ਰਿਸ਼ਨ, ਦਮਯੰਤੀ, ਧਰਮ ਗੁਰੂ
(C) ਵਾਰਿਸ, ਕਿਹਰ ਸਿੰਘ ਦੀ ਮੌਤ, ਬੰਦਾ ਬਹਾਦਰ
(D) ਰਾਜਾ ਲੱਖਦਾਤਾ ਸਿੰਘ, ਚਮਕੌਰ ਦੀ ਗੜ੍ਹੀ, ਰਾਣੀ ਕੋਕਿਲਾ

81. ਖੋਜ ਦਾ ਮੁੱਖ ਕਾਰਜ ਹੈ :
(A) ਮਨੁੱਖੀ ਗਿਆਨ ਵਿੱਚ ਵਾਧਾ ਕਰਨਾ
(B) ਭਾਸ਼ਾ ਤੋਂ ਪੂਰੀ ਤਰ੍ਹਾਂ ਜਾਣੂ ਹੋਣਾ
(C) ਖੋਜ ਦੇ ਖੇਤਰ ਵਿੱਚ ਕੰਮ ਕਰਨਾ
(D) ਉਪਰੋਕਤ ਸਾਰੇ

82. ਰੂਸੀ ਸਾਹਿਤ ਦੇ ਪ੍ਰਮੁੱਖ ਪੰਜਾਬੀ ਅਨੁਵਾਦਕਾਂ ਦਾ ਕਿਹੜਾ ਪ੍ਰਵਰਗ ਸਹੀ ਹੈ ?
(A) ਕਰਨਜੀਤ ਸਿੰਘ, ਗੁਰਬਖ਼ਸ਼ ਸਿੰਘ ਫ਼ਰੈਂਕ, ਪਿਆਰਾ ਸਿੰਘ ਸਹਿਰਾਈ
(B) ਸੁਖਬੀਰ, ਜੰਗ ਬਹਾਦਰ ਗੋਇਲ, ਗੁਰਚਰਨ ਸਿੰਘ ਅਰਸ਼ੀ
(C) ਹਰਿਭਜਨ ਸਿੰਘ, ਗੁਰਬਚਨ ਸਿੰਘ ਭੁੱਲਰ, ਗੁਰਦੇਵ ਰੁਪਾਣਾ
(D) ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ, ਕਰਨਜੀਤ ਸਿੰਘ

83. ਸੂਚੀ ਮਿਲਾਨ ਕਰੋ:

| ਸੂਚੀ –1 | ਸੂਚੀ – 2 |
|---|---|
| a. ਪਲੰਘ ਪੰਘੂੜਾ | i. ਸੁਖਵਿੰਦਰ ਕੰਬੋਜ |
| b. ਉਤਰਾਇਣ | ii. ਇਕਬਾਲ ਰਾਮੂਵਾਲੀਆ |
| c. ਉਥੋਂ ਤੀਕ | iii. ਦੇਵ |
| d. ਜੰਗ, ਜਸ਼ਨ ਤੇ ਜੁਗਨੂੰ | iv. ਨਵਤੇਜ ਭਾਰਤੀ |

| | a | b | c | d |
|---|---|---|---|---|
| (A) | i | iii | ii | iv |
| (B) | iii | iv | ii | i |
| (C) | ii | iii | iv | i |
| (D) | i | ii | iv | iii |

84. ਸਹੀ ਜੁੱਟ ਦੀ ਚੋਣ ਕਰੋ :
(A) ਖੋਜ ਸਿਧਾਂਤ ਅਤੇ ਵਿਵਹਾਰ : ਪਿਆਰਾ ਸਿੰਘ
(B) ਪੰਜਾਬੀ ਖੋਜ ਦਾ ਵਿਕਾਸ : ਧਰਮ ਸਿੰਘ
(C) ਸਾਹਿਤ ਖੋਜ ਅਤੇ ਸਾਹਿਤ ਅਲੋਚਨਾ : ਕੇਸਰ ਸਿੰਘ ਕੇਸਰ
(D) ਪੰਜਾਬੀ ਜ਼ੁਬਾਨ ਤੇ ਉਸ ਦਾ ਲਿਟਰੇਚਰ : ਬਾਵਾ ਬੁੱਧ ਸਿੰਘ

Adda247 GET IT ON Google Play



85. ਅਨੁਵਾਦ ਲਈ ਭਾਸ਼ਾ ਦਾ ਸਹੀ ਕ੍ਰਮ ਹੈ
(A) ਉਪਭਾਸ਼ਾ ਅਤੇ ਰਜਿਸਟਰ
(B) ਟਕਸਾਲੀ ਭਾਸ਼ਾ ਅਤੇ ਉਪਭਾਸ਼ਾ
(C) ਕਿੱਤੇ ਦੀ ਭਾਸ਼ਾ ਅਤੇ ਮਾਤਭਾਸ਼ਾ
(D) ਸਰੋਤ ਭਾਸ਼ਾ ਅਤੇ ਲਕਸ਼ ਭਾਸ਼ਾ

86. ਅਮਾਮ ਬਖ਼ਸ਼ ਦੀ ਕਿੱਸਾਕਾਰ ਵਜੋਂ ਪ੍ਰਸਿੱਧੀ ਹੋਈ :
(A) ਕਾਮਰੂਪ ਦੇ ਕਿੱਸੇ ਕਰਕੇ
(B) ਯੂਸਫ਼ ਜ਼ੁਲੇਖਾਂ ਦੇ ਕਿੱਸੇ ਕਰਕੇ
(C) ਲੈਲਾ ਮਜਨੂੰ ਦੇ ਕਿੱਸੇ ਕਰਕੇ
(D) ਸ਼ਾਹ ਬਹਿਰਾਮ ਦੇ ਕਿੱਸੇ ਕਰਕੇ

87. ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ' ਦਾ ਮੂਲ ਸ੍ਰੋਤ ਕੀ ਹੈ ?
(A) ਮਾਰਕੰਡੇਯ ਪੁਰਾਣ
(B) ਉਪਨਿਸ਼ਦ
(C) ਸਿਮਰਤੀਆਂ
(D) ਪੰਚਤੰਤਰ ਦੀਆਂ ਕਥਾਵਾਂ

88. ਚੱਠਿਆਂ ਦੀ ਵਾਰ ਦਾ ਲੇਖਕ ਹੈ:
(A) ਹਕੀਕਤ ਰਾਏ
(B) ਪੀਰ ਮੁਹੰਮਦ
(C) ਗੁਲਾਮ ਮੁਹੰਮਦ
(D) ਦੇਵੀ ਦਾਸ

89. ਵਾਰ ਕਾਵਿ-ਰੂਪ ਦੇ ਪ੍ਰਮੁੱਖ ਲੱਛਣ ਕਿਹੜੇ ਹਨ ?
(A) ਟੱਕਰ, ਪਉੜੀ ਛੰਦ, ਨੇਕੀ ਦੀ ਜਿੱਤ
(B) ਖਲਨਾਇਕ ਦੀ ਉਸਤਤ, ਯੁੱਧ ਵਰਣਨ, ਵਿਅੰਗ
(C) ਇਤਿਹਾਸਕ ਪਾਤਰ, ਦੁਖਾਂਤ, ਕਤਲੇਆਮ
(D) ਨਾਇਕ ਦੀ ਜਿੱਤ, ਕਲ ਤੇ ਨਾਦਰ, ਬੈਂਤ ਛੰਦ

90. ਕਵੀ ਪੁਸ਼ਯ ਨੂੰ ਕਿਸ ਵਿਦਵਾਨ ਨੇ ਪੰਜਾਬੀ ਦਾ ਪਹਿਲਾ ਕਿੱਸਾਕਾਰ ਆਖਿਆ:
(A) ਸ. ਸ. ਅਸ਼ੋਕ
(B) ਮੋਹਨ ਸਿੰਘ ਦੀਵਾਨਾ
(C) ਜੀਤ ਸਿੰਘ ਸੀਤਲ
(D) ਪਿਆਰਾ ਸਿੰਘ ਪਦਮ

91. 'ਜਾਗਦੇ ਅੱਖਰ' ਕਾਵਿ-ਪੁਸਤਕ ਕਿਸਦੀ ਰਚਨਾ ਹੈ ?
(A) ਦੇਵਿੰਦਰ ਕੌਰ (B) ਸਵਰਨ ਚੰਦਨ
(C) ਸੁਖਵਿੰਦਰ ਕੰਬੋਜ (D) ਕੁਲਵਿੰਦਰ

92. ਛੰਦ ਰਹਿਤ ਕਵਿਤਾ ਲਿਖਣ ਵਾਲੇ ਕਵੀਆਂ ਦਾ ਕਿਹੜਾ ਵਰਗ ਸਹੀ ਹੈ ?
(A) ਸ਼ਿਵ ਕੁਮਾਰ, ਸੁਰਜੀਤ ਰਾਮਪੁਰੀ, ਗੁਰਚਰਨ ਰਾਮਪੁਰੀ
(B) ਪ੍ਰੋ. ਪੂਰਨ ਸਿੰਘ, ਪਰਮਿੰਦਰਜੀਤ, ਮਨਜੀਤ ਟਿਵਾਣਾ
(C) ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ
(D) ਹਜ਼ਾਰਾ ਸਿੰਘ ਗੁਰਦਾਸਪੁਰੀ, ਆਤਮ ਹਮਰਾਹੀ, ਜਸਵੰਤ ਦੀਦ

93. ਸਾਹਿਤ ਅਕਾਦਮੀ ਤੋਂ ਇਨਾਮ ਪ੍ਰਾਪਤ ਕਵੀਆਂ ਦਾ ਸਹੀ ਜੁੱਟ ਕਿਹੜਾ ਹੈ?
(A) ਅਜੀਤ ਕੌਰ ਅਤੇ ਹਰਿਭਜਨ ਸਿੰਘ
(B) ਜਸਵੰਤ ਦੀਦ ਅਤੇ ਮੋਹਨਜੀਤ
(C) ਅੰਮ੍ਰਿਤਾ ਪ੍ਰੀਤਮ ਅਤੇ ਕਿਰਪਾਲ ਕਜ਼ਾਕ
(D) ਕਰਤਾਰ ਸਿੰਘ ਦੁੱਗਲ ਅਤੇ ਜਸਵੰਤ ਸਿੰਘ ਨੇਕੀ

94. ਸੂਚੀ ਮਿਲਾਨ ਕਰੋ :

| ਸੂਚੀ – 1 | ਸੂਚੀ – 2 |
|---|---|
| a. ਕੌਰਵ ਸਭਾ | i. ਕਰਮਜੀਤ ਸਿੰਘ ਕੁੱਸਾ |
| b. ਰਾਤ ਦੇ ਰਾਹੀ | ii. ਗੁਰਚਰਨ ਸਿੰਘ ਰਾਓ |
| c. ਮਸ਼ਾਲਚੀ | iii. ਦਰਸ਼ਨ ਧੀਰ |
| d. ਪੈੜਾਂ ਦੇ ਆਰ-ਪਾਰ | iv. ਮਿੱਤਰ ਸੈਨ ਮੀਤ |

| | a | b | c | d |
|---|---|---|---|---|
| (A) | iv | i | ii | iii |
| (B) | i | ii | iii | iv |
| (C) | iii | i | ii | iv |
| (D) | ii | iii | iv | i |

95. ਕਥਨ: (ੳ) ਯਥਾਰਥਵਾਦੀ ਨਾਵਲਕਾਰਾਂ ਦੁਆਰਾ ਰਚੇ ਗਏ ਨਾਵਲਾਂ ਵਿੱਚ ਯਥਾਰਥ ਅਤੇ ਸੁਪਨਿਆਂ ਵਿੱਚ ਤਨਾਓ ਨਿਰੰਤਰ ਵਿਦਮਾਨ ਰਹਿੰਦਾ ਹੈ।

ਕਾਰਨ: (ਅ) ਇਸ ਕਰਕੇ ਇਸ ਧਾਰਾ ਦੇ ਨਾਵਲ ਯਥਾਰਥ ਅਤੇ ਸੁਪਨੇ ਦੇ ਇਸ ਤਨਾਓ ਨੂੰ ਰੂਪਮਾਨ ਕਰਦੇ ਹੋਏ ਸੁਪਨਿਆਂ ਦੇ ਖੀਣ ਹੋਣ ਅਤੇ ਯਥਾਰਥ ਦੀ ਵਿਕਰਾਲਤਾ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।

(A) (ੳ) ਅਤੇ (ਅ) ਦੋਵੇਂ ਸਹੀ ਹਨ।
(B) (ੳ) ਅਤੇ (ਅ) ਦੋਵੇਂ ਗ਼ਲਤ ਹਨ।
(C) (ੳ) ਸਹੀ ਅਤੇ (ਅ) ਆਂਸ਼ਿਕ ਸਹੀ ਹੈ।
(D) (ੳ) ਗ਼ਲਤ ਅਤੇ (ਅ) ਸਹੀ ਹੈ।

96. 'ਆਲੰਬਨ ਤੇ ਉਦੀਪਨ' ਕਿਸ ਦੇ ਭੇਦ ਹਨ ?
(A) ਸਥਾਈ ਭਾਵ (B) ਸੰਚਾਰੀ ਭਾਵ
(C) ਵਿਭਾਵ (D) ਅਨੁਭਾਵ

97. 'ਪੰਜਾਬੀ ਸਾਹਿਤ ਦਾ ਇਤਿਹਾਸ' ਲਿਖਣ ਵਾਲੇ ਵਿਦਵਾਨਾਂ ਦਾ ਸਹੀ ਵਰਗ ਹੈ:
(A) ਪ੍ਰੇਮ ਪ੍ਰਕਾਸ਼ ਸਿੰਘ, ਸੰਤ ਸਿੰਘ ਸੇਖੋਂ, ਜੀਤ ਸਿੰਘ ਸੀਤਲ
(B) ਮੋਹਨ ਸਿੰਘ ਦੀਵਾਨਾ, ਸੁਰਿੰਦਰ ਸਿੰਘ ਕੋਹਲੀ, ਪ੍ਰੋ. ਪ੍ਰੀਤਮ ਸਿੰਘ
(C) ਜੀਤ ਸਿੰਘ ਸੀਤਲ, ਮੋਹਨ ਸਿੰਘ ਦੀਵਾਨਾ, ਕਿਰਪਾਲ ਸਿੰਘ ਕਸੇਲ ਤੇ ਹੋਰ
(D) ਹੀਰਾ ਸਿੰਘ ਦਰਦ, ਰਤਨ ਸਿੰਘ ਜੱਗੀ, ਪਿਆਰਾ ਸਿੰਘ ਪਦਮ

98. ਪੰਜਾਬੀ ਵਿੱਚ ਵਿਗਿਆਨਕ ਵਿਸ਼ਿਆਂ ਉੱਪਰ ਲਿਖਣ ਵਾਲੇ ਵਿਦਵਾਨ ਹਨ:
(A) ਡਾ. ਕੁਲਦੀਪ ਸਿੰਘ ਧੀਰ
(B) ਡਾ. ਸੁਰਜੀਤ ਸਿੰਘ ਢਿੱਲੋਂ
(C) ਡਾ. ਵਿਦਵਾਨ ਸਿੰਘ ਸੋਨੀ
(D) ਉਪਰੋਕਤ ਸਾਰੇ

99. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ਕਿੰਨੀਆਂ ਵਾਰਾਂ ਸ਼ਾਮਲ ਹਨ ?
(A) 24 (B) 22
(C) 21 (D) 25

100. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲਿਖਾਰੀ ਕੌਣ ਸਨ ?
(A) ਬਾਬਾ ਬੁੱਢਾ ਜੀ
(B) ਭਾਈ ਮਨੀ ਸਿੰਘ
(C) ਭਾਈ ਗੁਰਦਾਸ
(D) ਗਿਆਨੀ ਗਿਆਨ ਸਿੰਘ

Adda247

GET IT ON Google Play



Space for Rough Work

Adda247

Adda247 GET IT ON Google Play



**Space for Rough Work**

Adda247